# ਨਕਲੀ ਨਿਰੰਕਾਰੀ

ਇਸ ਟਰੈਕਟ ਵਿਚ ਸਿਖੀ ਦੀ ਅਸਲੀ ਨਿਰੰਕਾਰੀ ਸੰਪ੍ਰਦਾਇ
ਦਾ ਇਤਿਹਾਸ ਅੰਕਤ ਕਰਨ ਦੇ ਨਾਲ

## ਨਕਲੀ ਨਿਰੰਕਾਰੀ ਭਾਈ ਅਵਤਾਰ ਸਿੰਘ

ਦਿਲੀ ਦੇ ਗੁਰੂ-ਡੰਮ, ਸ਼ਖਸੀ ਪੂਜਾ, ਦੰਭ, ਪਾਖੰਡ,
ਭ੍ਰਿਸ਼ਟਾਚਾਰ ਅਤੇ ਸਿਖੀ ਦੇ ਵਿਰੋਧੀ ਪ੍ਰਚਾਰ ਦੀ
ਅਸਲੀਅਤ ਬਿਆਨ ਕੀਤੀ ਗਈ ਹੈ ।

ਕਰਤਾ ਤੇ ਪ੍ਰਕਾਸ਼ਕ-

**ਪ੍ਰਤਾਪ ਸਿੰਘ ਗਿਆਨੀ**

ਸਾਬਕ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਤੇ ਐਡੀਟਰ ਗਿਆਨ ਅੰਮ੍ਰਿਤ ਅੰਮ੍ਰਿਤਸਰ

Digitized by Panjab Digital Library | www.panjabdigilib.org

# ਮੁਖ ਬੰਧ

ਇਸ ਟਰੈਕਟ ਵਿਚ ਰਸਾਲਾ ਗਿਆਨ ਅੰਮ੍ਰਿਤ ਵਿਚ 'ਨਕਲੀ ਨਿਰੰਕਾਰੀ' ਦੇ ਸਿਰਲੇਖ ਹੇਠਾਂ ਸਤੰਬਰ ੧੯੬੪ ਤੋਂ ਅਪਰੈਲ ੧੯੬੫ ਤਕ ਪ੍ਰਕਾਸ਼ਤ ਹੋਏ ਅੱਠ ਲੇਖਾਂ ਦਾ ਸੋਧਿਆ ਅਤੇ ਕ੍ਰਮਵਾਰ ਕੀਤਾ ਹੋਇਆ ਸੰਗ੍ਰਹਿ ਹੈ। ਇਸ ਵਿਚ ਕੁਝ ਨਵਾਂ ਪ੍ਰਾਪਤ ਹੋਇਆ ਮੈਟਰ ਵੀ ਸ਼ਾਮਲ ਹੈ। ਇਸ ਵਿਚ ਦਸਿਆ ਗਿਆ ਹੈ ਕਿ ਸਿਖੀ ਦੀ ਅਸਲ ਨਿਰੰਕਾਰੀ ਸੰਪ੍ਰਦਾਇ ਕੀ ਹੈ ਅਤੇ ਦਿਲੀ ਵਿਚ ਨਿਰੰਕਾਰੀ ਬਜ਼ੁਰਗਾਂ ਦੀ ਸਿਖਿਆ ਦੇ ਉਲਟ ਗੁਰੂ ਡੰਮ, ਸ਼ਖਸੀ ਪੂਜਾ ਅਤੇ ਕਟੰਬ ਦੀ ਪੂਜਾ ਕਰਵਾਉਣ ਵਾਲੇ ਨਕਲੀ ਨਿਰੰਕਾਰੀ ਭਾਈ ਅਵਤਾਰ ਸਿੰਘ ਤੇ ਉਸ ਦੇ ਪੁਤ੍ਰ ਦੀ ਅਸਲੀਅਤ ਕੀ ਹੈ ? ਇਹ ਸਿਖਾਂ ਵਾਂਗ ਦਾਹੜੀ ਕੇਸ ਰਖ ਕੇ, ਗੁਰਬਾਣੀ ਦੀ ਆੜ ਲੈ ਕੇ ਸਿਰਫ ਆਪਣੇ ਗੁਰੂ ਡੰਮ ਲਈ ਕਿਸ ਤਰ੍ਹਾਂ ਸਿਖੀ ਤੇ ਗੁਰਬਾਣੀ ਦੇ ਉਲਟ ਪ੍ਰਚਾਰ ਕਰਦੇ ਹਨ।

ਜਦ ਇਹ ਲੇਖ ਲੜੀ ਗਿਆਨ ਅੰਮ੍ਰਿਤ ਵਿਚ ਛਪ ਰਹੀ ਸੀ; ੧੯ ਦਸੰਬਰ ੧੯੬੪ ਨੂੰ ਨਕਲੀ ਨਿਰੰਕਾਰੀ ਦੇ ਚੇਲੇ ਹਰੀ ਰਾਮ ਤੇ ਤ੍ਰਿਲੋਚਨ ਸਿੰਘ ਨੇ ਦਰਬਾਰ ਪਰੈਸ ਵਿਚ ਆ ਕੇ ਮੁਕਦਮੇ ਦੀ ਧਮਕੀ ਦਿਤੀ ਤੇ ਕਈਆਂ ਨੇ ਗੁਪਤ ਚਿਠੀਆਂ ਲਿਖੀਆਂ।

ਭਾਈ ਅਵਤਾਰ ਸਿੰਘ ਰੱਜ ਕੇ ਸ਼ਰਾਬ ਪੀਂਦਾ ਤੇ ਲੋਹੜ ਕੇ ਮਾਸ ਖਾਂਦਾ ਹੈ। ਗੁਰਬਾਣੀ, ਮਜ਼ਹਬ, ਇਤਿਹਾਸ ਤੇ ਫਿਲਾਸਫੀ ਤੋਂ ਬਿਲਕੁਲ ਅਨਜਾਣ ਹੈ। ਸੁਨਹਿਰੀ ਮੁਕਟ, ਕੋਠੀਆਂ, ਕਾਰਾਂ, ਪੇਡ ਔਰਤਾਂ ਤੇ ਏਜੰਟਾਂ ਰਾਹੀਂ ਸਾਧਾਰਨ ਲੋਕਾਂ ਨੂੰ ਆਪਣੇ ਪਾਖੰਡ ਜਾਲ ਵਿਚ ਫਾਹੁੰਦਾ ਹੈ।

ਇਸ ਟਰੈਕਟ ਵਿਚ ਸਾਰੀਆਂ ਗਲਾਂ ਇਤਿਹਾਸਕ ਖੋਜ, ਨਕਲੀ ਨਿਰੰਕਾਰੀ ਦੇ ਰਸਾਲੇ ਦੀਆਂ ਲਿਖਤਾਂ, ਭਰੋਸੇ ਯੋਗ ਸਜਨਾਂ ਦੇ ਬਿਆਨਾਂ, ਅਕਲ ਤੇ ਦਲੀਲ ਦੇ ਆਧਾਰ ਤੇ ਲਿਖੀਆਂ ਗਈਆਂ ਹਨ। ਪਾਠਕ ਇਸ ਨੂੰ ਪੜ੍ਹ ਕੇ ਸੱਚ ਝੂਠ ਦਾ ਨਿਰਨਾ ਕਰਨ।

੧੭ ਜੂਨ ੧੯੬੭ ਸੰਗਤਾਂ ਦਾ ਸੇਵਕ—ਪ੍ਰਤਾਪ ਸਿੰਘ ਗਿਆਨੀ

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

## ੧.

# ਨਕਲੀ ਨਿਰੰਕਾਰੀ

ਉਘਰਿ ਗਇਆ ਜੈਸਾ ਖੋਟਾ ਢਬੂਆ
ਨਦਰਿ ਸਰਾਫਾ ਆਇਆ ॥
(ਆਸਾ ਮ: ੫)

ਅਜ ਕਲ ਜਿਸ ਤਰ੍ਹਾਂ ਅਸਲੀ ਘਿਉ ਦੀ ਥਾਂ ਬਨਾਸਪਤੀ ਵਿਕਦਾ ਹੈ, ਕੇਸਰ, ਕਸਤੂਰੀ, ਮੋਤੀ ਆਦਿਕ ਨਕਲੀ ਮਿਲਦੇ ਹਨ, ਨਕਲੀ ਸੋਨਾ ਅਤੇ ਹੋਰ ਕਈ ਚੀਜ਼ਾਂ ਮਾਰਕੀਟ ਵਿਚ ਵਿਕਦੀਆਂ ਹਨ, ਇਸੇ ਤਰ੍ਹਾਂ ਸਿਖੀ ਦੀ ਇਕ ਛੋਟੀ ਜੇਹੀ ਸ਼ਾਖ ਨਿਰੰਕਾਰੀ ਦੇ ਨਾਂ ਉਤੇ ਦਿਲੀ ਵਿਚ ਇਕ ਨਕਲੀ ਨਿਰੰਕਾਰੀ ਭਾਈ ਅਵਤਾਰ ਸਿੰਘ ਨੇ ਆਪਣਾ ਅਡੰਬਰ ਸ਼ੁਰੂ ਕੀਤਾ ਹੈ, ਜੋ ਨਿਰੰਕਾਰੀ ਮੰਡਲ ਦੇ ਨਾਂ ਪਰ ਗੁਰੂ ਡੰਮ, ਸ਼ਖਸੀ ਪੂਜਾ, ਦੰਭ ਅਤੇ ਪਖੰਡ ਨੂੰ ਪ੍ਰਚਾਰਦਾ ਹੈ। ਇਹ ਕਲਜੁਗੀ ਗੁਰੂ ਆਪਣੇ ਚੇਲੇ ਚਾਟੜਿਆਂ ਤੋਂ ਆਪਣੇ ਆਪ ਨੂੰ 'ਤੂੰਹੀ ਨਿਰੰਕਾਰ' ਸ਼ਹਿਨਸ਼ਾਹ, ਅਲਾਹ ਅਤੇ ਗਾਡ ਅਖਵਾਉਂਦਾ ਤੇ ਲਿਖਵਾਉਂਦਾ ਹੈ। ਭੋਲੇ ਭਾਲੇ ਲੋਕਾਂ ਨੂੰ ਠਗਣ ਲਈ ਇਸ ਨੇ ਪੋਪ-ਲੀਲ੍ਹਾ ਰਚਾਈ ਹੋਈ ਹੈ।

ਇਸ ਅਕਲ, ਸਾਇੰਸ ਅਤੇ ਸਮਾਜਵਾਦ ਦੇ ਜੁਗ ਵਿਚ, ਜਦ



Digitized by Panjab Digital Library | www.panjabdigilib.org

ਕਿ ਬਾਦਸ਼ਾਹਾਂ, ਰਜਵਾੜਿਆਂ ਤੇ ਨਵਾਬਾਂ ਦੇ ਤਖਤੋ ਤਾਜ ਖਤਮ ਹੋ ਗਏ ਹਨ, ਇਸ ਨੇ ਆਪੇ ਹੀ ਇਕ ਸੁਨਹਿਰੀ ਮੁਕਟ ਬਣਵਾਇਆ ਹੋਇਆ ਹੈ, ਜੋ ਪਹਿਨ ਕੇ ਤਖਤ ਉਤੇ ਬੈਠਦਾ ਹੈ।

ਭਾਈ ਅਵਤਾਰ ਸਿੰਘ ਦੇ ਮੈਗਜ਼ੀਨ ਵਿਚ ਅਸੀਂ ਇਸਦੀਆਂ ਛਪੀਆਂ ਜੋ ਤਕਰੀਰਾਂ ਜਾਂ ਗੁਰਬਾਣੀ ਦੇ ਸ਼ਬਦਾਂ ਦੀ ਵਿਆਖਿਆ ਪੜ੍ਹੀ ਹੈ, ਉਸ ਤੋਂ ਸਾਬਤ ਹੁੰਦਾ ਹੈ ਕਿ ਇਹ ਸ਼ਖਸ ਮਜ਼੍ਹਬ, ਫਿਲਾਸਫੀ, ਇਤਿਹਾਸ ਅਤੇ ਗੁਰਬਾਣੀ ਤੋਂ ਬਿਲਕੁਲ ਅਨਜਾਣ ਹੈ।

ਇਸ ਦੇ ਕਈ ਪਿਛਲਗ ਹਿੰਦੂ ਧਰਮ, ਈਸਾਈਅਤ, ਇਸਲਾਮ ਆਦਿਕ ਵਡੇ ਧਰਮਾਂ ਬਾਰੇ ਕੋਝੀ ਆਲੋਚਨਾ ਕਰਨ ਦੇ ਨਾਲ ਸਿਖ ਧਰਮ ਤੇ ਗੁਰਬਾਣੀ ਸੰਬੰਧੀ ਵੀ ਕਈ ਗਲਤ ਬਿਆਨੀਆਂ ਕਰਦੇ ਹਨ। ਇਹ ਗੁਰਬਾਣੀ ਪਰ ਨਿਸਚਾ ਨਹੀਂ ਰਖਦੇ ਪਰ ਸਿਖਾਂ ਨੂੰ ਟਪਲਾ ਦੇਣ ਅਤੇ ਆਪਣਾ ਗੁਰੂ ਡੰਮ ਫੈਲਾਉਣ ਲਈ ਵਰਤਦੇ ਹਨ।

ਭਾਈ ਅਵਤਾਰ ਸਿੰਘ ਬਾਰੇ ਇਹ ਵੀ ਦਸਿਆ ਗਿਆ ਹੈ ਕਿ ਇਹ ਰਜ ਕੇ ਸ਼ਰਾਬ ਪੀਂਦਾ ਅਤੇ ਲੋਹੜ ਕੇ ਮਾਸ ਖਾਂਦਾ ਹੈ। ਇਸ ਨੇ ਕੁਝ ਤਨਖਾਹਦਾਰ ਏਜੰਟ ਅਤੇ ਔਰਤਾਂ ਰਖੀਆਂ ਹੋਈਆਂ ਹਨ, ਜੋ ਭੋਲੇ ਭਾਲੇ ਲੋਕਾਂ ਨੂੰ ਮਾਇਆ-ਜਾਲ ਵਿਚ ਫਸਾਉਂਦੀਆਂ ਹਨ। ਨਿਰੰਕਾਰ ਦੀ ਆੜ ਵਿਚ ਵਾਮ ਮਾਰਗ ਪ੍ਰਚਾਰਿਆ ਜ ਦਾ ਹੈ।

ਨਿਰਾਕਾਰ ਦੀ ਪੂਜਾ ਕਰਾਉਣ ਦੀ ਥਾਂ ਇਹ ਆਪਣੀਆਂ ਤਸਵੀਰਾਂ ਦੀ ਪੂਜਾ ਕਰਾਉਂਦਾ ਹੈ ਜਿਸ ਤਰ੍ਹਾਂ ਕਈ ਸਿਨਮਿਆਂ ਦੇ ਸਾਹਮਣੇ ਨਾਚਿਆਂ ਅਤੇ ਐਕਟ੍ਰਸਾਂ ਦੀਆਂ ਤਸਵੀਰਾਂ ਲਗੀਆਂ ਹੁੰਦੀਆਂ ਹਨ, ਇਸੇ ਤਰ੍ਹਾਂ ਕੁਝ ਥਾਂਈ ਇਸ ਨੇ ਆਪਣੀਆਂ ਤਸਵੀਰਾਂ ਲਗਵਾਈਆਂ ਹੋਈਆਂ ਹਨ।

ਨਕਲੀ ਨਿਰੰਕਾਰੀ ਆਪਣੀ ਵਹੁਟੀ ਨੂੰ ਜਗਤ ਮਾਤਾ, ਪੁਤਰ ਭਾਈ ਗੁਰਬਚਨ ਸਿੰਘ ਨੂੰ ਸਤਿਗੁਰੂ ਤੇ ਨੂੰਹ ਨੂੰ ਰਾਜ ਮਾਤਾ ਦਸ ਕੇ



Digitized by Panjab Digital Library | www.panjabdigilib.org

ਕੁਟੰਬ ਪੂਜਾ ਕਰਵਾਉਂਦਾ ਹੈ।

ਅਜ ਤੋਂ ਕੁਝ ਸਾਲ ਪਹਿਲੇ ਜਿਸ ਤਰ੍ਹਾਂ ਸਿੰਧ ਵਿਚ ਇਕ ਦਾਦਾ ਲੇਖ ਰਾਜ ਨੇ ਕਾਹਨ ਬਣ ਕੇ ਗੋਪੀਆਂ ਦਾ ਡਰਾਮਾ ਕੀਤਾ ਸੀ, ਉਸੇ ਤਰ੍ਹਾਂ ਇਹ ਵੀ ਕਰ ਰਿਹਾ ਹੈ।

ਪੰਜਾਬ ਵਿਚ ਇਸ ਨੇ ਆਪਣੇ ਗੁਰੂ ਡੰਮ ਦੇ ਪ੍ਰਚਾਰ ਲਈ ਆਪਣੇ ਜਵਾਈ ਸ: ਕੁਲਵੰਤ ਸਿੰਘ ਤੇ ਆਪਣੀ ਧੀ ਨੂੰ ਚੀਫ ਏਜੰਟ ਨੀਯਤ ਕੀਤਾ ਹੈ, ਜੋ ਜਲੰਧਰ ਵਿਚ ਰਹਿੰਦੇ ਹਨ।

ਨਕਲੀ ਨਿਰੰਕਾਰੀ ਭਾਈ ਅਵਤਾਰ ਸਿੰਘ ਦਾ ਕੋਈ ਆਤ-ਮਿਕ ਗਿਆਨ ਨਹੀਂ। ਕੋਈ ਅਨੁਭਵ ਤੇ ਰੂਹਾਨੀ ਸੂਝ ਬੂਝ ਨਹੀਂ। ਕੋਈ ਵਿਦਿਆ ਜਾਂ ਕਥਨੀ ਦੀ ਯੋਗਤਾ ਨਹੀਂ। ਇਹ ਅਧਿਆਤਮ-ਵਾਦ ਅਰਥਾਤ ਨਿਰੰਕਾਰ ਦੇ ਗਿਆਨ ਤੋਂ ਉਤਨਾ ਹੀ ਦੂਰ ਹੈ, ਜਿਤਨਾ ਕਿ ਸ਼ੈਤਾਨ ਨੇਕੀ ਤੋਂ। ਇਹ ਸਿਰਫ ਸਿਖਾਂ ਵਾਲੀ ਸ਼ਕਲ ਬਣਾ ਕੇ, ਗਲ ਵਿਚ ਚਿਟੇ ਪਰਨੇ ਪਾ ਕੇ ਗੁਰਬਾਣੀ ਦੀ ਆੜ ਲੈ ਕੇ ਅਤੇ ਨਿਰੰਕਾਰ ਦਾ ਨਾਂ ਵਰਤਕੇ ਆਪਣੇ ਗੁਰੂ-ਡੰਮ ਨੂੰ ਪ੍ਰਚਾਰਦਾ ਹੈ। ਇਹ ਨਿਰੰਕਾਰੀ ਸੰਪ੍ਰਦਾਇ ਦੇ ਬਜ਼ੁਰਗਾਂ ਕੀ ਸਿਖਿਆ ਦੇ ਬਿਲਕੁਲ ਉਲਟ ਚਲ ਕੇ ਨਿਰੰਕਾਰੀ ਸ਼ਬਦ ਦੀ ਨਿਰਾਦਰੀ ਕਰ ਰਿਹਾ ਹੈ। ਲੋਕ-ਭਲਾਈ ਲਈ ਇਸ ਦੇ ਛਲ ਕਪਟ ਅਤੇ ਪਖੰਡ ਨੂੰ ਪ੍ਰਗਟ ਕਰਨਾ ਜ਼ਰੂਰੀ ਹੈ।

ਅਸੀਂ ਇਸ ਲੇਖ ਵਿਚ ਪਹਿਲੇ ਸੰਖੇਪ ਜਿਹਾ ਵਰਣਨ ਅਸਲੀ ਨਿਰੰਕਾਰੀ ਸੰਪ੍ਰਦਾਇ ਤੇ ਫਿਰ ਨਕਲੀ ਨਿਰੰਕਾਰੀ ਭਾਈ ਅਵਤਾਰ ਸਿੰਘ ਅਤੇ ਉਸ ਦੇ ਪਿਛਲਗੂਆਂ ਦਾ ਕਰਨਾ ਚਾਹੁੰਦੇ ਹਾਂ। ਉਸ ਦੇ ਰਸਾਲੇ ਵਿਚ ਛਪੀਆਂ ਗਲਤ ਲਿਖਤਾਂ ਦਾ ਨਿਰਨਾ ਕਰਨਾ ਵੀ ਜ਼ਰੂਰੀ ਸਮਝਦੇ ਹਾਂ।



Digitized by Panjab Digital Library | www.panjabdigilib.org

## ੨.

# ਅਸਲੀ ਨਿਰੰਕਾਰੀ

'ਨਿਰੰਕਾਰੀ' ਸਿਖੀ ਦੀ ਇਕ ਸੰਪ੍ਰਦਾਇ ਜਾਂ ਸ਼ਾਖ ਹੈ, ਜਿਸ ਦਾ ਪ੍ਰਚਾਰ ਰਾਵਲਪਿੰਡੀ ਅਤੇ ਪਸ਼ਾਵਰ ਦੇ ਇਲਾਕੇ ਵਿਚ ਹੋਇਆ। ਇਸ ਦਾ ਆਰੰਭ ਬਾਬਾ ਦਿਆਲ ਜੀ ਤੋਂ ਹੋਇਆ, ਜੋ ਸਹਿਜਧਾਰੀ ਸਿਖ, ਗੁਰੂ ਘਰ ਦੇ ਸ਼ਰਧਾਲੂ,ਬਾਣੀ ਦੇ ਪ੍ਰੀਤਵਾਨ ਤੇ ਸੁਧਾਰਕ ਸਨ।

ਨਿਰੰਕਾਰੀ ਸੰਪ੍ਰਦਾਇ ਬਾਰੇ ਇਤਿਹਾਸਕਾਰ ਦਸਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਪਿਸ਼ਾਵਰ ਦੇ ਵਸਨੀਕ ਇਕ ਸਹਿਜਧਾਰੀ ਸਿਖ, ਬਾਹਰੀ ਖਤਰੀ ਗੁਰ ਸਹਾਇ ਸਨ। ਉਨ੍ਹਾਂ ਦੇ ਪੁਤਰ ਭਾਈ ਰਾਮ ਸਹਾਇ ਜੀ ਹੋਏ। ਰਾਮ ਸਹਾਇ ਜੀ ਦੀ ਸ਼ਾਦੀ ਦਸਮ ਪਾਤਸਾਹ ਦੇ ਹਜ਼ੂਰੀ ਸਿਖ ਭਾਈ ਵਸਾਖਾ ਸਿੰਘ ਦੀ ਲੜਕੀ ਨਾਲ ਹੋਈ, ਜਿਸ ਤੋਂ ੧੫ ਵਿਸਾਖ ੧੮੪੦ ਬਿ: ਨੂੰ ਬਾਬਾ ਦਿਆਲ ਜੀ ਦਾ ਜਨਮ ਹੋਇਆ।

ਬਾਬਾ ਦਿਆਲ ਜੀ ਮ: ਰਣਜੀਤ ਸਿੰਘ ਦੇ ਜਨਮ ਤੋਂ ਚਾਰ ਸਾਲ ਬਾਹਦ ਪੈਦਾ ਹੋਏ। ਉਨ੍ਹਾਂ ਦੀ ਮਾਤਾ ਲਡਿਕੀ ਅਕਾਲ ਪੁਰਖ ਅਤੇ ਗੁਰਬਾਣੀ ਵਿਚ ਅਤੁਟ ਸ਼ਰਧਾ ਰਖਦੀ ਸੀ। ਇਤਿਹਾਸਕਾਰ ਲਿਖਦੇ ਹਨ ਕਿ ਮਾਤਾ ਨੂੰ ਉਸ ਦੇ ਪੇਕਿਆਂ ਨੇ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੀੜ ਉਸ ਜ਼ਮਾਨੇ ਵਿਚ ਦਾਜ ਵਿਚ ਦਿਤੀ ਸੀ, ਜਦ ਕਿ ਬੀੜ ਦੁਰਲਭ ਹੁੰਦੀ ਸੀ। ਮਾਤਾ ਨੇ ਆਪਣੇ ਬਚੇ ਦਿਆਲ ਜੀ ਨੂੰ ਅੰਤ ਸਮੇਂ ਕਿਹਾ—'ਬੇਟਾ, ਤੂੰ ਜੋ ਵੀ ਆਤਮਿਕ ਸਿਖਿਆ ਲੈਣੀ ਹੋਵੇ,



Digitized by Panjab Digital Library | www.panjabdigilib.org

ਉਹ ਗੁਰਬਾਣੀ ਵਿਚੋਂ ਲੈਣੀ। ਇਕ ਨਿਰੰਕਾਰ ਦੀ ਪੂਜਾ ਕਰਨੀ।'

ਮਾਤਾ ਲੜਿਕੀ ੩੦ ਸਾਲ ਦੀ ਉਮਰ ਵਿਚ ਗੁਜ਼ਰ ਗਈ, ਜਿਸ ਕਰਕੇ ਬਾਬਾ ਦਿਆਲ ਜੀ ਦੀ ਪਰਵਰਿਸ਼ ਨਾਨਕੇ ਘਰ ਹੋਈ। ਆਪ ਦਾ ਇਕ ਮਾਮਾ ਭਾਈ ਮਿਲਖਾ ਸਿੰਘ ਸੀ, ਜਿਸ ਨੇ ਦਿਆਲ ਜੀ ਨੂੰ ਗੁਰਬਾਣੀ ਦੀ ਕਥਾ, ਕੀਰਤਨ ਅਤੇ ਗੁਰਸਿਖੀ ਦੇ ਪ੍ਰਚਾਰ ਵਲ ਲਾਇਆ। ਆਪ ਦਾ ਦਾਦਕਾ ਅਤੇ ਨਾਨਕਾ ਖਾਨਦਾਨ ਦੋਵੇਂ ਪੂਰਨ ਗੁਰਸਿਖ ਸਨ।

ਬਾਬਾ ਦਿਆਲ ਜੀ ਦੀ ਸ਼ਾਦੀ ਭੇਹਰੇ ਦੇ ਇਕ ਖਤਰੀ ਦੀ ਲੜਕੀ ਮੂਲਾ ਦੇਵੀ ਨਾਲ ਹੋਈ, ਜਿਸ ਤੋਂ ਤਿੰਨ ਪੁਤਰ—ਬਾਬਾ ਦਰਬਾਰਾ ਸਿੰਘ, ਭਾਗ ਮਲ ਤੇ ਰਤਨ ਚੰਦ ਹੋਏ।

ਸੰਮਤ ੧੮੭੩ ਬਿ: ਵਿਚ ਮਹਾਰਾਜਾ ਰਣਜੀਤ ਸਿੰਘ ਨੇ ਬਾਬਾ ਦਿਆਲ ਤੇ ਉਨ੍ਹਾਂ ਦੇ ਖਾਨਦਾਨ ਨੂੰ ਪੋਠੋਹਾਰ ਤੇ ਪਿਸ਼ਾਵਰ ਦੇ ਇਲਾਕੇ ਵਿਚ ਗੁਰਸਿਖੀ ਦਾ ਪ੍ਰਚਾਰਕ ਸਮਝ ਕੇ ਲੰਗਰ ਦੇ ਨਾਂ ਪਰ ਜਗੀਰ ਦੇਣੀ ਚਾਹੀ, ਪਰ ਉਨ੍ਹਾਂ ਪ੍ਰਵਾਨ ਨਾ ਕੀਤੀ। ਉਹ ਭਾਈ ਰਾਮ ਸਿੰਘ ਦੇ ਗੁਰਦਵਾਰੇ ਕਥਾ ਕਰਦੇ ਸਨ। ਮਹਾਰਾਜਾ ਸਾਹਿਬ ਨੇ ਉਸ ਗੁਰਦਵਾਰੇ ਦੇ ਨਾਂ ਜਗੀਰ ਲਾ ਦਿਤੀ, ਜੋ ਸੰਨ ੧੯੪੭ ਤਕ ਮਿਲਦੀ ਰਹੀ।

ਬਾਬਾ ਦਿਆਲ ਜੀ ਦਸਾਂ ਸਤਿਗੁਰੂਆਂ ਪਰ ਅਤੁਟ ਸ਼ਰਧਾ ਰਖਦੇ ਸਨ। ਗੁਰਬਾਣੀ ਦੇ ਬਹੁਤ ਪਰੇਮੀ ਸਨ। ਮੂਰਤੀ ਪੂਜਾ ਜਾਂ ਕ੍ਰਿਤਮ ਪੂਜਾ ਨਹੀਂ ਕਰਦੇ ਸਨ। ਉਹ ਗੁਰਬਾਣੀ ਅਨੁਸਾਰ ਇਕ ਨਿਰਾਕਾਰ ਸ੍ਰੀ ਵਾਹਿਗੁਰੂ ਦੇ ਉਪਾਸ਼ਕ ਸਨ। ਉਹ ਕਹਿੰਦੇ ਸਨ—

ਜਪੋ ਪਿਆਰਿਓ ਧੰਨ ਨਿਰੰਕਾਰ।
ਦੇਹ ਧਾਰੀ ਸਭ ਖਵਾਰ।

ਭਾਵ—ਦੇਹ ਦੀ ਪੂਜਾ ਕਰਨ ਤੇ ਕਰਾਉਣ ਵਾਲੇ ਸਭ ਖਵਾਰ ਹੋਣਗੇ।



Digitized by Panjab Digital Library | www.panjabdigilib.org